بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 28.08.2020

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਖ਼ੁਲਫ਼ਾਏ ਰਾਸ਼ਦੀਨ ਰਿਜ਼ਵਾਨੁਲੱਾਹ ਅਜਮਾਈਨ ਅਤੇ ਹਜ਼ਰਤ ਇਮਾਮ ਹੁਸੈਨ ਰਜ਼ੀ ਅਲੱਾਹ ਅਨਹੁ ਦੇ ਮਹਾਨ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 28 ਅਗਸਤ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔
بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔
اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਇਸ ਜ਼ਮਾਨੇ ਵਿੱਚ ਰੱਬ ਨੇ ਆਪਣੇ ਵਾਦੇ ਅਨੁਸਾਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਗ਼ੁਲਾਮੀ ਵਿੱਚ ਮਸੀਹ ਮੌਊਦ ਅਤੇ ਮਹਦੀ ਮਾਹੂਦ ਨੂੰ ਆਦੇਸ਼ਕ ਤੇ ਨਿਆਕਾਰ ਬਣਾਕੇ ਭੇਜਿਆ ਹੈ । ਜਿਸ ਨੇ ਮੁਸਲਮਾਨਾ ਨੂੰ ਇਕ ਰੱਬ ਦੀ ਏਕਤਾ ਪ੍ਰਦਾਨ ਕਰਨੀ ਸੀ । ਸੋ, ਅੱਜ ਅਸੀਂ ਦੇਖਦੇ ਹਾਂ ਕਿ ਮੁਸਲਾਮਨਾ ਦੇ ਹਰ ਫ਼ਿਰਕੇ ਵਿੱਚੋਂ ਲੋਕ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਾਮਤ ਵਿੱਚ ਦਾਖ਼ਲ ਹੋਏ ਹਨ ਅਤੇ ਲਖੱਾਂ ਦੀ ਗਿਣਤੀ ਵਿੱਚ ਹਰ ਸਾਲ ਸ਼ਾਮਲ ਹੁੰਦੇ ਜਾ ਰਹੇ ਹਨ । ਸੋ, ਮਸੀਹ ਮੌਊਦ, ਆਦੇਸ਼ਕ ਤੇ ਨਿਆਏਕਾਰ ਦੀ ਜਮਾਤ ਮਤਿਭੇਦ ਖ਼ਤਮ ਕਰਨ ਲਈ ਕਾਇਮ ਹੋਈ ਹੈ । ਅਸੀਂ ਸਚੱਾਈ ਫੈਲਾਉਣ ਤੇ ਸੱਚੀ ਗੱਲ ਆਖਣ ਤੋਂ ਨਹੀਂ ਰੁਕਣਾ ਅਤੇ ਇਸੇ ਲਈ ਅਸੀਂ ਕੁਰਬਾਨੀਆਂ ਵੀ ਦੇ ਰਹੇ ਹਾਂ । ਅੱਜ ਕਲ ਅਸੀਂ ਮੁਹਰੱਮ ਦੇ ਮਹੀਨੇ ਵਿੱਚੋਂ ਲੰਘ ਰਹੇ ਹਾਂ ਜੋ ਇਸਲਾਮੀ ਸਾਲ ਦੇ ਕੈਲੰਡਰ ਦਾ ਪਹਿਲਾ ਮਹੀਨਾ ਹੈ ਅੰਗ੍ਰੇਜ਼ੀ ਸਾਲ ਦੇ ਅਰੰਭ ਹੋਣ'ਤੇ ਅਸੀਂ ਇਕ ਦੂਜੇ ਨੂੰ ਵਧਾਈਆਂ ਦਿੰਦੇ ਹਾਂ, ਪਰ ਬਦਕਿਸਮਤੀ ਇਹ ਹੈ ਕਿ ਇਸਲਾਮੀ ਸਾਲ ਦੇ ਅਰੰਭ ਹੋਣ'ਤੇ ਕਈ ਮੁਸਲਾਮਨ ਦੇਸ਼ਾਂ ਵਿੱਚ ਫ਼ਿਰਕੇ ਵਾਰਾਨਾ ਰਿਵਾਇਤਾਂ ਕਰਕੇ ਮਾਰ ਧਾੜ ਹੁੰਦੀ ਹੈ । ਉਹ ਧਰਮ ਜੋ ਅਮਨ ਤੇ ਸਲਾਮਤੀ ਦੀ ਅਤਿ ਉਤੱਮ ਸਿੱਖਿਆ ਦੇਣ ਵਾਲਾ ਧਰਮ ਹੈ ਕਿਉਂ ਇਸ ਦੇ ਮਨੰਣ ਵਾਲੇ ਆਪਣੇ ਸਾਲ ਦਾ ਅਰੰਭ ਝਗੜਿਆਂ, ਫ਼ਸਾਦਾਂ, ਉਪਦੱਰਾਂ ਤੇ ਮਾਰ ਧਾੜ ਨਾਲ ਕਰਦੇ ਹਨ ! ਸਾਨੂ ਸੋਚਣਾ ਚਾਹੀਦਾ ਹੈ, ਸਾਨੂੰ ਆਪਣੇ ਰਵੱਈਏ ਨੂੰ ਬਦਲਣਾ ਚਾਹੀਦਾ ਹੈ, ਸਾਨੂੰ ਦੇਖਣਾ ਚਾਹੀਦਾ ਹੈ ਕਿ ਕਿਵੇਂ ਮੁਸਲਾਮਾਨ ਉਮੱਤ ਨੂੰ ਇਕ ਵਾਹਿਦਹ ਕੌਮ ਬਣਾਕੇ ਇਹਨਾ ਫਸਾਦਾਂ ਅਤੇ ਦਹਿਸ਼ਤ ਗਰਦੀਆਂ ਨੂੰ ਖ਼ਤਮ ਕਰ ਸਕਦੇ ਹਾਂ । ਸਾਨੂੰ ਗ਼ੌਰ ਕਰਨਾ ਚਾਹੀਦਾ ਹੈ ਕਿ ਸਾਡੇ

ਆਕਾ ਹਜ਼ਰਤ ਖ਼ਾਤਮੁਲ ਅੰਬਿਆ ਮੁਹਮੱਦ ਮੁਸਤਫ਼ਾ ਸਲਲੱਾਹੁ ਅਲਹਿ ਵਸਲਮ ਨੇ ਸਾਨੂੰ ਇਹ ਖ਼ੁਸ਼ਖ਼ਬਰੀ ਵੀ ਦਿੱਤੀ ਸੀ ਕਿ ਖ਼ਿਲਾਫ਼ਤ ਅਲਾ ਮਿਨਹਾਜਿ ਨਬੁਵੱਤ (ਨਬੁਵੱਤ ਦੇ ਬਾਦ ਖ਼ਿਲਾਫ਼ਤ ਦਾ ਹੋਣਾ) ਕਾਇਮ ਹੋਵੇਗੀ ਜੋ ਮੁਸਲਮਾਨਾ ਨੂੰ ਇਕ ਉਮੱਤ ਬਨਾਉਣ ਦਾ ਸਾਧਨ ਵੀ ਬਣ ਜਾਵੇਗੀ । ਮੁਸਲਮਾਨਾ ਦੀ ਤਰੱਕੀ ਅਤੇ ਏਕਤਾ ਦਾ ਪ੍ਰਤਖ ਨਿਸ਼ਾਨ ਬਣ ਜਾਏਗੀ । ਸੋ, ਜੱਦ ਹਾਲਾਤ ਦੱਸ ਰਹੇ ਹਨ ਕਿ ਉਹ ਜ਼ਮਾਨਾ ਹੈ ਜਿਸ ਵਿੱਚ ਕੁਰਆਨ ਤੇ ਹਦੀਸ ਦੀ ਵਰਨਣ ਕੀਤੀਆਂ ਨਿਸ਼ਾਨੀਆਂ ਪੁਰੀਆਂ ਹੋ ਰਹੀਆਂ ਹਨ ਜਾਂ ਹੋ ਗਈਆਂ ਹਨ ਤਾਂ ਕਿਉਂ ਨ ਅਸੀਂ ਇਸ ਆਦੇਸ਼ਕ ਤੇ ਨਿਆਂਕਾਰ ਦੀ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਦੀ ਭਾਲ ਕਰੀਏ ਜੋ ਸ਼ੀਯਾ, ਸੁੱਨੀ ਅਤੇ ਵੱਖ ਵੱਖ ਫ਼ਿਰਕਿਆਂ ਤੇ ਪੇਸ਼ਿਆਂ ਦੇ ਮਤਿਭੇਦਾ ਨੂੰ ਖ਼ਤਮ ਕਰਕੇ ਸਾਨੂੰ ਇਕ ਬਨਾਉਂਣ ਵਾਲਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ : ਮੇਰਾ ਰੁਤਬਾ ਨਬੀਆਂ ਦੀ ਸੁਨੱਤ ਵਾਂਗ ਹੈ ਮੈਂਨੂੰ ਇਕ ਆਕਾਸ਼ੀ ਆਦਮੀ ਮੰਨੋ ਫਿਰ ਇਹ ਸਾਰੇ ਝਗੜੇ ਅਤੇ ਸਾਰੀਆਂ ਔਕੜਾਂ ਜੋ ਮੁਸਲਮਾਨਾਂ'ਤੇ ਪਈਆਂ ਹੋਈਆਂ ਹਨ ਇਕ ਹੀ ਵਾਰ ਵਿੱਚ ਹਲ ਹੋ ਸਕਦੀਆਂ ਹਨ, ਮੇਰੇ ਕੋਲ ਆਓ, ਮੇਰੀਆਂ ਗਲੱਾਂ ਸੁਣੋ ਤਾਂ ਜੋ ਤੁਹਾਨੂੰ ਸਚੱਾਈ ਨਜ਼ਰ ਆਵੇ। ਜਿਸ ਇਮਾਮ ਦੇ ਤੁਸੀਂ ਉਡੀਕਵਾਨ ਹੋ ਮੈਂ ਕਹਿੰਦਾਂ ਹਾਂ, ਮੈਂ ਹਾਂ , ਇਸ ਦਾ ਪ੍ਰਮਾਣ ਮੈਥੋਂ ਲਓ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਖ਼ੁਲਫ਼ਾਏ ਰਾਸ਼ਦੀਨ ਦੇ ਮਰਤਬਿਆਂ, ਸਥਾਨ ਅਤੇ ਵੱਡਿਆਈ ਨੂੰ ਦਰਸ਼ਾਉਂਦਿਆਂ ਹੋਇਆਂ ਬਿਆਨ ਕਰਦੇ ਹਨ : ਮੈਂ ਤਾਂ ਇਹ ਜਾਣਦਾ ਹਾਂ ਕਿ ਕੋਈ ਵਿਅਕਤੀ ਮੋਮਿਨ ਤੇ ਮੁਸਲਮਾਨ ਨਹੀਂ ਬਣ ਸਕਦਾ ਜੱਦ ਤੱਕ ਅਬੂ ਬਕਰ, ਉਮਰ, ਉਸਮਾਨ ਤੇ ਅਲੀ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੇ ਰੰਗ ਰੂਪ ਪੈਦਾ ਨ ਹੋਣ । ਸੋ, ਜਮਾਤ ਅਹਮਦੀਆ ਦਾ ਤਾਂ ਇਹ ਅਕੀਦਾ ਹੈ ਕਿ ਇਹ ਸਾਰੇ ਸਾਡੇ ਲਈ ਨਮੂਨਾ ਹਨ ਅਤੇ ਜੱਦ ਇਹ ਅਕੀਦਾ ਹੋਵੇ ਤਾਂ ਕੀ ਜਮਾਤ ਅਹਮਦੀਆ ਹੀ ਇਕ ਅਜਿਹੀ ਜਮਾਤ ਨਹੀਂ ਰਹਿ ਜਾਂਦੀ ਜੋ ਮੁਸਲਮਾਨਾ ਵਿੱਚੋਂ ਮਤਿਭੇਦ ਖ਼ਤਮ ਕਰਕੇ ਉਹਨਾ ਵਿੱਚ ਏਕਤਾ ਪੈਦਾ ਕਰਨ ਵਾਲੀ ਜਮਾਤ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਦੀ ਪ੍ਰਸ਼ੰਸਾ ਤੇ ਗੁਣਗਾਣ ਵਿੱਚ ਫ਼ਰਮਾਉਂਦੇ ਹਨ : ਸਿੱਦੀਕ ਨਬੀ ਦਾ ਪ੍ਰਤੀਬਿੰਬ ਸੀ, ਆਪ ਦੇ ਅਖ਼ਲਾਕ ਦਾ ਅਸਰ ਉਸ'ਤੇ ਪਿਆ ਹੋਇਆ ਸੀ ਅਤੇ ਮਨ ਵਿਸ਼ਵਾਸ ਨਾਲ ਭਰਿਆ ਹੋਇਆ ਸੀ । ਇਸ ਲਈ ਉਹ ਬੋਧ ਤੇ ਪੱਕਿਆਈ ਦਿਖਾਈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਬਾਦ ਉਸ ਦੀ ਤੁਲਨਾ ਮਿਲਣੀ ਮੁਸ਼ਕਲ ਹੈ । ਉਹਨਾ ਦਾ ਜੀਵਨ ਇਸਲਾਮ ਦਾ ਜੀਵਨ ਸੀ । ਮੈਂ ਸੱਚ ਸੱਚ ਕਹਿੰਦਾ ਹਾਂ ਕਿ ਅਬੂ ਬਕਰ ਸਿੱਦੀਕ ਰਜ਼ੀ ਅਲੱਾਹ ਅਨਹੁ ਇਸਲਾਮ ਲਈ ਦੂਜੇ ਆਦਮ ਹਨ । ਮੈਂ ਵਿਸ਼ਵਾਸ਼ ਰਖੱਦਾ ਹਾਂ ਕਿ ਜੇਕਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਬਾਦ ਅਬੂਬਕਰ ਦਾ ਵੁਜੂਦ ਨ ਹੁੰਦਾ ਤਾਂ ਇਸਲਾਮ ਦਾ ਵੀ ਵੁਜੂਦ ਨ ਹੁੰਦਾ ।

ਫਿਰ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਤੇ ਮਰਤਬਿਆਂ ਦਾ ਜ਼ਿਕਰ ਕਰਦਿਆਂ ਹੋਇਆਂ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਦਾ ਦਰਜਾ ਐਨ੍ਹਾ ਵਡੱਾ ਹੈ ਕਿ ਕਿ ਕਈ ਵਾਰ ਇਹਨਾ ਦੀ ਰਾਏ ਅਨੁਸਾਰ ਕੁਰਆਨ ਸ਼ਰੀਫ਼ ਨਾਜ਼ਲ ਹੋ ਜਾਇਆ ਕਰਦਾ ਸੀ ਅਤੇ ਉਹਨਾ ਦੇ ਹੱਕ ਵਿੱਚ ਇਹ ਹਦੀਸ ਹੈ ਕਿ ਸ਼ੈਤਾਨ ਉਮਰ ਦੀ ਪਰਛਾਈਂ ਤੋਂ ਭਜਦਾ ਹੈ ਅਤੇ ਇਹ ਕਿ ਜੇਕਰ ਮੇਰੇ ਬਾਦ ਕੋਈ ਨਬੀ ਹੁੰਦਾ ਤਾਂ ਉਮਰ ਹੁੰਦਾ । ਤੀਜੀ ਹਦੀਸ ਹੈ ਕਿ ਪਹਿਲੀਆਂ ਉਮੱਤਾਂ ਵਿੱਚ ਮੁਹਿਦੱਸ (ਨਵੀਂ ਕਾਢ ਕਢੱਣ ਵਾਲਾ) ਹੁੰਦੇ ਰਹੇ ਹਨ ਜੇਕਰ ਇਸ ਉਮੱਤ ਵਿੱਚ ਕੋਈ ਮੁਹਿਦੱਸ ਹੈ ਤਾਂ ਉਹ ਉਮਰ ਹੈ । ਫਿਰ ਇਕ ਥਾਂ ਹਜ਼ਰਤ ਅਬੂਬਕਰ ਹਜ਼ਰਤ ਉਮਰ ਅਤੇ ਹਜ਼ਰਤ ਉਸਮਾਨ ਦਾ ਜ਼ਿਕਰ ਕਰਦਿਆਂ ਹੋਇਆਂ ਸਾਮੂਹਿਕ ਰੂਪ ਵਿੱਚ ਆਪ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਮੇਰੇ ਰੱਬ ਨੇ ਮੇਰੇ ਉਪੱਰ ਪ੍ਰਕਟ ਕੀਤਾ ਹੈ ਕਿ ਸਿੱਦੀਕ ਤੇ ਫ਼ਾਰੂਕ ਤੇ ਉਸਮਾਨ ਰਜ਼ੀ ਅਲੱਾਹ ਅਨਹੁਮ ਨੇਕ ਕਾਰਜ ਕਰਨ ਵਾਲੇ ਤੇ ਮੋਮਿਨ ਸਨ ਅਤੇ ਉਹਨਾਂ ਲੋਕਾਂ ਵਿੱਚੋਂ ਸਨ ਜਿੰਨ੍ਹਾ ਨੂੰ ਰੱਬ ਨੇ ਚੁਣ ਲਿਆ ਅਤੇ ਜੋ ਰਹਿਮਾਨ ਰੱਬ ਦੀਆਂ ਵਿਸ਼ੇਸ਼ ਮਿਹਰਾਂ ਨਾਲ ਵਿਸ਼ੇਸ਼ ਕੀਤੇ ਗਏ । ਸੋ, ਇਹ ਧਾਰਨਾ ਹੈ ਇਹਨਾ ਚਾਰੇ ਖ਼ਲੀਫ਼ਿਆਂ ਦੇ ਮੁਕਾਮ ਤੇ ਮਰਤਬੇ ਦੀ ਜੋ ਹਜ਼ਰਤ ਮਸੀਹ ਮੌਊਦ ਅਲੈਹਿ

ਸਲਾਮ ਨੇ ਸਾਨੂੰ ਦਿੱਤੀ ਅਤੇ ਇਹੋ ਉਹ ਮੁਕਾਮ ਹੈ ਜੱਦ ਹਰ ਮੁਸਲਮਾਨ ਇਹਨਾ ਬਜ਼ੁਰਗਾਂ ਨੂੰ ਦੇਵੇਗਾ ਤਾਂ ਹਕੀਕੀ ਮੁਸਲਮਾਨ ਅਖਵਾਏਗਾ ਅਤੇ ਆਪੋ ਵਿੱਚ ਮਤਿਭੇਦ ਨੂੰ ਖ਼ਤਮ ਕਰਕੇ ਇਕ ਉਮੱਤ ਦਾ ਹਿਸੱਾ ਬਣੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਕਲ ਅਸੀਂ ਮੁਹਰੱਮ ਦੇ ਮਹੀਨੇ ਵਿੱਚੋਂ ਲੰਘ ਰਹੇ ਹਾਂ ਕੱਲ ਜਾਂ ਪਰਸੋਂ ਦੱਸ ਮੁਹਰੱਮ ਵੀ ਹੈ ਜਿਸ ਵਿੱਚ ਹਜ਼ਰਤ ਹੁਸੈਨ ਦੀ ਸ਼ਹੀਦੀ ਦੇ ਹਵਾਲੇ ਨਾਲ ਸ਼ੀਯਾ ਆਪਣੀਆਂ ਭਾਵਨਾਵਾਂ ਦਾ ਪ੍ਰਕਟਨ ਕਰਦੇ ਹਨ । ਨਿਸ਼ਚੇ ਹੀ ਇਕ ਜ਼ਾਲਮਾਨਾ ਕੰਮ ਸੀ ਜਿਸ ਪ੍ਰਕਾਰ ਹਜ਼ਰਤ ਹੁਸੈਨ ਨੂੰ ਸ਼ਹੀਦ ਕੀਤਾ ਗਿਆ । ਜੱਦ ਇਹਨਾ ਭਾਵਨਾਵਾਂ ਦਾ ਪ੍ਰਕਟਨ ਸ਼ੀਯਾ ਲੋਕ ਕਰਦੇ ਹਨ ਤਾਂ ਇਹ ਸਮਝਿਆ ਜਾਂਦਾ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਾਂ ਆਪ ਦੀ ਜਮਾਤ ਨੇ ਨਬੁਵੱਤ ਦੇ ਖ਼ਾਨਦਾਨ ਦੇ ਮੁਕਾਮ ਨੂੰ ਨਹੀ ਪਛਾਣਿਆ । ਇਸ ਗ਼ਲਤ ਫ਼ਹਿਮੀ (ਭਰਮ) ਨੂੰ ਜਮਾਤ ਅਹਮਦੀਆ ਹਮੇਸ਼ਾ ਦੂਰ ਕਰਨ ਦਾ ਜਤਨ ਵੀ ਕਰਦੀ ਰਹੀ ਹੈ । ਇਸ ਸਮੇਂ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਲੇਖਣੀਆਂ ਤੇ ਫ਼ਰਮਾਨਾ ਦੇ ਹਵਾਲਿਆਂ ਨਾਲ ਵਰਨਣ ਕਰਾਂਗਾ ਕਿ ਆਪ ਦੀ ਨਜ਼ਰ ਵਿੱਚ ਨਬੁਵੱਤ ਦੇ ਖ਼ਾਨਦਾਨ ਦਾ ਕੀ ਮੁਕਾਮ ਸੀ ਅਤੇ ਇਸ ਬਾਰੇ ਆਪ ਨੇ ਜਮਾਤ ਨੂੰ ਕੀ ਨਸੀਹਤ ਕੀਤੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪਣੀ ਕਿਤਾਬ 'ਸਿਰੁੱਲ ਖ਼ਿਲਾਫ਼ਹ' ਵਿੱਚ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਬਾਰੇ ਫ਼ਰਮਾਉਂਦੇ ਹਨ: ਆਪ ਰੱਬ ਦੇ ਕਰੀਬੀ ਬੰਦਿਆਂ ਵਿੱਚੋਂ ਸਨ । ਅਤੇ ਇਸ ਦੇ ਨਾਲ ਨਾਲ ਆਪ ਫ਼ੁਰਕਾਨੇ ਹਮੀਦ ਦੇ ਮਆਰਫ਼ਤ ਦੇ ਪਿਆਲੇ ਨੂੰ ਪੀਣ ਵਾਲਿਆਂ ਵਿੱਚੋਂ ਮੋਹਰੇ ਸਨ । ਮੈਂ ਉਹਨਾਂ ਨੂੰ ਚੇਤਨਾ ਦੀ ਦੁਨੀਆ ਵਿੱਚ ਦੇਖਿਆ । ਮੈਂ ਆਪ ਨੂੰ ਆਚਰਣ ਵਿੱਚ ਚੰਗੀ ਤਰ੍ਹਾਂ ਅਨੁਪਾਤਕ ਤੇ ਕਿਰਦਾਰ ਵਿੱਚ ਪੁਖ਼ਤਾ ਅਤੇ ਸੁਭਾਵ ਵਿੱਚ ਨਿਮਰ ਖਿੜੇ ਮੱਥੇ ਵਾਲਾ ਰੌਸ਼ਨ ਪਾਇਆ ਅਤੇ ਮੈਂ ਸਹੁੰ ਖਾਕੇ ਕਹਿੰਦਾ ਹਾਂ ਕਿ ਆਪ ਮੈਂਨੂੰ ਬਹੁਤ ਪ੍ਰੇਮ ਤੇ ਸਨੇਹ ਨਾਲ ਮਿਲੇ ਅਤੇ ਮੇਰੇ ਮਨ ਵਿੱਚ ਇਹ ਗੱਲ ਪਾਈ ਗਈ ਕਿ ਆਪ ਮੈਂਨੂੰ ਅਤੇ ਮੇਰੇ ਅਕੀਦੇ ਨੂੰ ਜਾਣਦੇ ਹਨ ਕਿ ਮੈਂ ਆਪਣੇ ਤੌਰ ਤਰੀਕਿਆਂ ਤੇ ਵਿਚਾਰਾਂ ਪੱਖੋਂ ਸ਼ੀਯਾ ਨਾਲੋ ਮਤਿਭੇਦ ਰਖੱਦਾ ਹਾਂ ਉਹ ਇਸਨੂੰ ਵੀ ਜਾਣਦੇ ਹਨ ਪਰ ਆਪ ਨੇ ਕਿਸੇ ਵੀ ਪ੍ਰਕਾਰ ਦੀ ਨਾਪਸੰਦੀ ਜਾਂ ਨਫ਼ਰਤ ਦਾ ਪ੍ਰਕਟਨ ਨਹੀਂ ਕੀਤਾ ਅਤੇ ਨ ਹੀ ਮੈਂਥੋਂ ਮੂੰਹ ਮੋੜਿਆ ਸਗੋਂ ਉਹ ਮੈਂਨੂੰ ਮਿਲੇ ਅਤੇ ਨੇਕ ਪ੍ਰੇਮੀਆਂ ਵਾਂਗ ਮੇਰੇ ਨਾਲ ਮੁਹਬੱਤ ਕੀਤੀ ਅਤੇ ਉਹਨਾ ਨੇ ਸੱਚੇ ਤੇ ਸਾਫ਼ ਦਿਲ ਰਖੱਣ ਵਾਲੇ ਲੋਕਾਂ ਵਾਂਗ ਪ੍ਰੇਮ ਦਾ ਪ੍ਰਗਟਾਵਾ ਕੀਤਾ ਅਤੇ ਆਪ ਦੇ ਨਾਲ ਹਸਨ ਤੇ ਹੁਸੈਨ ਦੋਵੇਂ ਸਯੱਦੁਰ ਰੁਸਲ ਖ਼ਾਤਾਮਨੱਬੀਯੀਨ ਵੀ ਸਨ ਅਤੇ ਉਹਨਾ ਦੇ ਨਾਲ ਇਕ ਅਤਿਅੰਤ ਸੁੰਦਰ ਸ਼ੁਸ਼ੀਲ, ਨੇਕ, ਜਲਾਲ ਵਾਲੀ, ਬਰਕਤਾਂ ਭਰਪੂਰ, ਸਤਿਕਾਰ ਯੋਗ ਤੇ ਇਕ ਵਖੱਰੀ ਦਿੱਖ ਵਾਲੀ ਤੇ ਸੰਪੂਰਨ ਨੂਰਾਨੀ ਜਵਾਨ ਮੁਟਿਆਰ ਸਨ ਜਿੰਨ੍ਹਾ ਨੂੰ ਮੈਂ ਗ਼ਮ ਨਾਲ ਭਰਪੂਰ ਦੇਖਿਆ ਪਰ ਉਹ ਉਸਨੂੰ ਲੁਕੋਏ ਹੋਏ ਸਨ ਅਤੇ ਮੇਰੇ ਦਿਲ ਵਿੱਚ ਪਾਇਆ ਗਿਆ ਕਿ ਆਪ ਹਜ਼ਰਤ ਫ਼ਤਿਮਾਤੁਜ਼ੱਹਰਾ ਹਨ ਆਪ ਮੇਰੇ ਕੋਲ ਆਈਂ ਅਤੇ ਮੈਂ ਲੇਟਿਆ ਹੋਇਆ ਸੀ, ਸੋ ਆਪ ਬੈਠ ਗਈਂ ਅਤੇ ਆਪ ਨੇ ਮੇਰਾ ਸਿਰ ਆਣੀ ਗੋਦ ਵਿੱਚ ਰੱਖ ਦਿਤੱਾ ਅਤੇ ਮਿਹਰ ਦਾ ਇਜ਼ਹਾਰ ਕੀਤਾ ਅਤੇ ਮੈਂ ਦੇਖਿਆ ਕਿ ਉਹ ਮੇਰੇ ਕਿਸੇ ਗ਼ਮ ਦੇ ਸਬਬ ਦੁਖੀ ਤੇ ਰੰਜੀਦਹ ਹਨ ਅਤੇ ਬੱਚਿਆਂ ਦੇ ਕਸ਼ਟ ਦੇ ਸਮੇਂ ਮਾਵਾਂ ਵਾਂਗ ਮਿਹਰ, ਪ੍ਰੇਮ ਤੇ ਬੇਚੈਨੀ ਦਾ ਪ੍ਰਗਟਵਾ ਕਰ ਰਹੀ ਹਨ ।

ਫਿਰ ਆਪ ਫ਼ਰਮਾਉਂਦੇ ਹਨ ਕਿ ਮੈਂਨੂੰ ਦੱਸਿਆ ਗਿਆ ਕਿ ਧਰਮ ਬਾਰੇ ਹਜ਼ਰਤ ਫ਼ਤਿਮਾ ਨੇੜੇ ਮੇਰਾ ਮਰਤਬਾ ਪੁਤੱਰ ਸਮਾਨ ਹੈ । ਫਿਰ ਹਸਨ ਤੇ ਹੁਸੈਨ ਦੋਵੇਂ ਮੇਰੇ ਕੋਲ ਆਏ ਅਤੇ ਭਰਾਵਾਂ ਵਾਂਗ ਮੇਰੇ ਨਾਲ ਪ੍ਰੇਮ ਦਾ ਪ੍ਰਗਟਾਵਾ ਕਰਨ ਲੱਗੇ ਅਤੇ ਹਮਦਰਦੀ ਕਰਨ ਵਾਲਿਆਂ ਵਾਂਗ ਮੈਂਨੂੰ ਮਿਲੇ ਅਤੇ ਇਹ ਕਸ਼ਫ਼ ਜਾਗਦਿਆਂ ਹੋਇਆਂ ਕਸ਼ਫ਼ਾਂ (ਦਿਵ ਦ੍ਰਿਸ਼ਾਂ) ਵਿੱਚੋਂ ਸੀ । ਇਸ'ਤੇ ਕਈ ਵਰ੍ਹੇ ਲੰਘ ਚੁਕੇ ਹਨ । ਮੈਂ ਹਜ਼ਰਤ ਅਲੀ ਅਤੇ ਆਪ ਦੋਵੇਂ ਪੁਤੱਰਾਂ ਨਾਲ ਪ੍ਰੇਮ ਕਰਦਾ ਹਾਂ ਅਤੇ ਜੋ ਇਹਨਾ ਨਾਲ ਦੁਸ਼ਮਣੀ ਰੱਖੇ ਮੈਂ ਉਸ ਨਾਲ ਦੁਸ਼ਮਣੀ ਰਖੱਦਾ ਹਾਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਕਿਵੇਂ ਕਹਿ ਸਕਦੇ ਹਾਂ ਕਿ ਅਸੀਂ ਨਊਜ਼ਬਿਲੱਾਹਿ ਨਬੁਵੱਤ ਦੇ ਖ਼ਾਨਦਾਨ ਨਾਲ ਪ੍ਰੇਮ ਨਹੀਂ ਕਰਦੇ ਜਾਂ ਉਸਦੀ ਧਾਰਨਾ ਨਹੀਂ ਰਖੱਦੇ । ਆਪ ਅਲੈਹਿ ਸਲਾਮ ਹਜ਼ਰਤ ਹੁਸੈਨ ਰਜ਼ੀ ਅਲੱਲਹ ਅਨਹੁ

ਬਾਰੇ ਫ਼ਰਮਾਉਂਦੇ ਹਨ : ਹੁਸੈਨ ਰਜ਼ੀ ਅਲੱਹ ਅਨਹੁ ਪਾਕ ਤੇ ਪਤਵਿਤੱਰ ਸਨ ਅਤੇ ਨਿਰਸੰਦੇਹ ਉਹ ਉਹਨਾਂ ਪਹੁੰਚੇ ਹੋਇਆਂ ਵਿੱਚੋਂ ਜਿੰਨ੍ਹਾ ਨੂੰ ਰੱਬ ਆਪਣੀ ਹੱਥੀਂ ਸਾਫ਼ ਕਰਦਾ ਹੈ ਅਤੇ ਆਪਣੇ ਪ੍ਰੇਮ ਨਾਲ ਭਰ ਦਿੰਦਾ ਹੈ ਅਤੇ ਨਿਸ਼ਚੇ ਹੀ ਉਹ ਸਵਰਗ ਦੇ ਸਰਦਾਰਾਂ ਵਿੱਚ ਹਨ ਅਤੇ ਇਕ ਰੱਤੀ ਵੀ ਕੀਨਾ ਜਾਂ ਸਾੜਾ ਰਖੱਣਾ ਇਮਾਨ ਗੁਆਉਣ ਬਰਾਬਰ ਹੈ ਅਤੇ ਇਸ ਇਮਾਮ ਦਾ ਤਕਵਾ (ਸੰਜਮਤਾ) ਇਲਾਹੀ ਪ੍ਰੇਮ, ਸਬਰ, ਹੌਂਸਲਾ, ਸੰਘਰਸ਼ ਅਤੇ ਇਬਾਦਤ ਸਾਡੇ ਲਈ ਚਾਨ੍ਹਣ ਮੁਨਾਰਾਂ ਹੈ ਅਤੇ ਅਸੀਂ ਇਸ ਮਾਸੂਮ ਦੀਆਂ ਹਦਾਇਤਾਂ ਦੀ ਪੈਰ੍ਹਵੀ ਕਰਨ ਵਾਲੇ ਹਾਂ ਜੋ ਇਸ ਨੂੰ ਮਿਲੀ ਸੀ । ਤਬਾਹ ਹੋ ਗਿਆ ਉਹ ਦਿਲ ਜੋ ਇਸ ਦਾ ਦੁਸ਼ਮਣ ਹੈ ਅਤੇ ਸਫ਼ਲ ਹੋ ਗਿਆ ਉਹ ਦਿਲ ਜੋ ਕਰਮ ਰੂਪ ਇਸ ਦੇ ਪ੍ਰੇਮ ਨੂੰ ਜ਼ਾਹਰ ਕਰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜਿਸ ਪ੍ਰੇਮ ਦੀ ਧਾਰਨਾ ਆਪ ਨੂੰ ਸੀ ਉਹ ਕਿਸੇ ਹੋਰ ਨੂੰ ਨਹੀਂ ਹੋ ਸਕਦੀ ਪਰ ਜਿੱਥੇ ਸ਼ੀਯਾ ਲੋਕ ਰੌਲ੍ਹੇ ਦੀ ਸੀਮਾ ਤੱਕ ਗਏ ਹਨ ਉੱਥੇ ਉਹਨਾ ਨੂੰ ਹਕੀਕਤ ਵੀ ਆਪ ਨੇ ਦੱਸੀ ਹੈ ਅਤੇ ਜਿੱਥੇ ਸੁੱਨੀ ਗ਼ਲਤ ਹੋਏ ਉੱਥੇ ਉਹਨਾ ਨੂੰ ਵੀ ਦੱਸਿਆ ਕਿ ਸੁਧਾਰ ਕਰੋ ਅਤੇ ਇਹੋ ਹਕਮ (ਨਿਰਦੇਸ਼ਕ) ਤੇ ਨਿਆਕਾਰ ਦਾ ਕੰਮ ਹੈ ਅਤੇ ਇਸਲਾਮ ਦੀ ਹਕੀਕੀ ਤਾਲੀਮ ਦੇ ਫ਼ੈਲਾਉਣ ਅਤੇ ਪ੍ਰਚਲਿਤ ਕਰਨ ਦੇ ਇਸੇ ਕੰਮ ਲਈ ਰੱਬ ਨੇ ਆਪ ਨੂੰ ਭੇਜਿਆ ਸੀ ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਇਹ ਫ਼ਿਰਕੇ ਅਹਮਦੀਆਂ ਨੂੰ ਹੀ ਬੁਰਾ ਕਹਿੰਦੇ ਹਨ । ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਅਸੀਂ ਸਬਰ ਤੇ ਸਿਥਿਰਤਾ ਨਾਲ ਇਸ ਕੰਮ ਨੂੰ ਅਰੰਭੀ ਰਖੱਣਾ ਹੈ ਜੋ ਸਾਡੇ ਸੁਪੁਰਦ ਹੈ, ਜਿਸ ਦੇ ਲਈ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਕੀਤੀ ਹੈ ਕਿ ਹਕੀਕੀ ਇਸਲਾਮ ਨੂੰ ਦੁਨੀਆ ਵਿੱਚ ਫੈਲਾਵਾਂਗੇ । ਇਸ ਨਮੂਨੇ ਨੂੰ ਸਾਹਮਣੇ ਰਖੱਣ ਜੋ ਹਜ਼ਰਤ ਇਮਾਮ ਹੁਸੈਨ ਨੇ ਸਾਨੂੰ ਦਿਖਾਇਆ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ: ਸਾਨੂੰ ਚਾਹੀਦਾ ਹੈ ਕਿ ਅੱਜ ਕੱਲ ਵਿਸ਼ੇਸ਼ ਰੂਪ ਵਿੱਚ ਇਸ ਮਹੀਨੇ ਵਿੱਚ ਵੀ ਅਤੇ ਹਮੇਸ਼ਾ ਦੁਆਵਾਂ'ਤੇ ਬਹੁਤ ਜ਼ੋਰ ਦੇਣ, ਦੁਰੂਦ ਸ਼ਰੀਫ਼ ਪੜ੍ਹਨ'ਤੇ ਬਹੁਤ ਜ਼ੋਰ ਦੇਣ ਅਤੇ ਜਿੰਨ੍ਹਾ ਅਸੀਂ ਰੱਬ ਦੀ ਹਜ਼ੂਰੀ ਵਿੱਚ ਝੁਕਾਂਗੇ ਉਨ੍ਹੰਾ ਹੀ ਛੇਤੀ ਰੱਬ ਸਾਨੂੰ ਫ਼ਤਹ ਨਸੀਬ ਕਰੇਗਾ, ਤਰੱਕੀਆਂ ਤੇ ਸਫ਼ਲਤਾਵਾਂ ਪ੍ਰਦਾਨ ਕਰੇਗਾ ।

اَلْحَمْدُلِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُبِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ
فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَأْمُرُ
بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ
وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 28.08.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131